# ਸਿਟੀ ਆਫ ਬ੍ਰੈਂਪਟਨ, 21 ਫਰਵਰੀ, 2022 ਤੋਂ ਸ਼ੁਰੂ ਕਰਦੇ ਹੋਏ ਪਬਲਿਕ ਨੂੰ ਵਾਕ-ਇਨ (ਬਿਨਾਂ ਮੁਲਾਕਾਤ ਬੁੱਕ ਕੀਤੇ ਫੈਸਿਲਿਟੀਜ ਵਿੱਚ ਆਉਣਾ) ਦੀ ਇਜਾਜ਼ਤ ਦੇ ਰਹੀ ਹੈ

ਬ੍ਰੈਂਪਟਨ, ਓਨਟੈਰੀਓ (9 ਫਰਵਰੀ, 2022) – ਸਿਟੀ ਆਫ ਬ੍ਰੈਂਪਟਨ, ਸੋਮਵਾਰ 21 ਫਰਵਰੀ, 2022 ਨੂੰ, ਵਾਕ-ਇਨ (ਬਿਨਾਂ ਮੁਲਾਕਾਤ ਬੁੱਕ ਕੀਤੇ ਆਉਣਾ) ਦੀ ਇਜਾਜ਼ਤ ਦੇਣ ਲਈ, ਫੈਸਿਲਿਟੀਜ ਨੂੰ ਸੁਰੱਖਿਅਤ ਰੂਪ ਨਾਲ ਦੁਬਾਰਾ ਖੋਲ੍ਹਣ ਦੀ ਤਿਆਰੀ ਕਰ ਰਹੀ ਹੈ।

**ਸਿਟੀ ਦੀਆਂ ਸੇਵਾਵਾਂ ਅਤੇ ਫੈਸਿਲਿਟੀਜ**

ਸਿਟੀ ਹਾਲ ਦੀਆਂ ਵਾਕ-ਇਨ ਸੇਵਾਵਾਂ

ਸਿਟੀ ਹਾਲ (City Hall), ਨਿਵਾਸੀਆਂ ਵਾਸਤੇ ਸਿਟੀ ਦੀਆਂ ਸੇਵਾਵਾਂ ਤੱਕ ਪਹੁੰਚਣ ਲਈ, ਸਵੇਰੇ 8:30 ਵਜੇ ਤੋਂ ਸ਼ਾਮ 4:30 ਵਜੇ ਤੱਕ ਖੁੱਲਾ ਰਹੇਗਾ। ਹੁਣ ਮੁਲਾਕਾਤਾਂ ਬੁੱਕ ਕਰਨਾ ਜ਼ਰੂਰੀ ਨਹੀਂ ਹੈ। ਹਾਲਾਂਕਿ ਹੁਣ ਵੀ ਮੁਲਾਕਾਤਾਂ ਦੀ ਬੁਕਿੰਗ ਉਪਲਬਧ ਹੋਵੇਗੀ, ਫਿਰ ਵੀ ਵਾਕ-ਇਨ ਦੀ ਇਜਾਜ਼ਤ ਹੋਵੇਗੀ। ਮੁਲਾਕਾਤਾਂ ਇੱਥੇ (here) ਬੁੱਕ ਕੀਤੀਆਂ ਜਾ ਸਕਦੀਆਂ ਹਨ।

ਸਿਟੀ ਫੈਸਿਲਿਟੀ ਰੈਂਟਲਸ

ਰੇਕ੍ਰੀਏਸ਼ਨ ਸੈਂਟਰ ਰੈਂਟਲਸ ਹੁਣ, ਬੁਕਿੰਗ ਲਈ ਉਪਲਬਧ ਹਨ। ਥਾਂ ਬੁੱਕ ਕਰਨ ਲਈ, 905.874.BOOK (2665) ਤੇ ਫੋਨ ਕਰੋ।

ਸਰਵਿਸ ਬ੍ਰੈਂਪਟਨ

ਨਿਵਾਸੀ, ਸੇਵਾਵਾਂ ਦੀ ਬੇਨਤੀ ਕਰਨ ਅਤੇ ਰੇਕ੍ਰੀਏਸ਼ਨ ਰਜਿਸਟਰੇਸ਼ਨ, ਪਾਰਕਿੰਗ ਟਿਕਟ ਭੁਗਤਾਨਾਂ ਅਤੇ ਗੈਰ-ਨਕਦੀ ਟੈਕਸ ਭੁਗਤਾਨਾਂ ਸਮੇਤ, ਕਈ ਵੱਖਰੀਆਂ ਟ੍ਰਾਂਜੈਕਸ਼ਨਾਂ ਪੂਰੀਆਂ ਕਰਨ ਲਈ, ਸਰਵਿਸ ਬ੍ਰੈਂਪਟਨ (Service Brampton) ਦੀਆਂ ਥਾਵਾਂ ਤੇ, ਬਿਨਾਂ ਮੁਲਾਕਾਤ ਬੁੱਕ ਕੀਤੇ ਸੁਵਿਧਾਜਨਕ ਤਰੀਕੇ ਨਾਲ ਜਾ ਸਕਦੇ ਹਨ। ਇਹਨਾਂ ਥਾਵਾਂ ਵਿਖੇ, ਕ੍ਰੈਡਿਟ ਕਾਰਡ, ਡੈਬਿਟ ਕਾਰਡ ਅਤੇ ਚੈੱਕ ਸਵੀਕਾਰ ਕੀਤੇ ਜਾਣਗੇ।

ਦਿਨ ਵਿੱਚ 24 ਘੰਟੇ, ਹਫ਼ਤੇ ਵਿੱਚ 7 ਦਿਨ, ਸਰਵਿਸ ਬ੍ਰੈਂਪਟਨ ਤੱਕ ਪਹੁੰਚਣ ਦੇ ਚਾਰ ਸੁਵਿਧਾਜਨਕ ਤਰੀਕੇ ਹਨ:

- ਔਨਲਾਈਨ 311Brampton.ca ਤੇ ਜਾਓ
- ਐਪ ਸਟੋਰ ਜਾਂ Google Play ਤੇ 311 ਬ੍ਰੈਂਪਟਨ (311 Brampton) ਐਪ ਡਾਊਨਲੋਡ ਕਰੋ
- ਬ੍ਰੈਂਪਟਨ ਸਿਟੀ ਦੀਆਂ ਸੀਮਾਵਾਂ ਦੇ ਅੰਦਰ 311 (ਸਿਟੀ ਦੀਆਂ ਸੀਮਾਵਾਂ ਦੇ ਬਾਹਰੋਂ 905.874.2000) ਡਾਇਲ ਕਰੋ
- 311@brampton.ca ਤੇ ਈਮੇਲ ਕਰੋ

ਘੰਟਿਆਂ ਅਤੇ ਥਾਵਾਂ ਲਈ, www.brampton.ca ਤੇ ਜਾਓ।

**ਕਾਉਂਸਿਲ ਚੈਂਬਰਾਂ ਵਿੱਚ ਵਾਪਸੀ**

21 ਫਰਵਰੀ ਤੋਂ ਸ਼ੁਰੂ ਕਰਦੇ ਹੋਏ, ਕਾਉਂਸਿਲ ਦੇ ਮੈਂਬਰ ਵਿਅਕਤੀਗਤ ਅਟੈਂਡੈਂਸ ਲਈ ਵਾਪਸ ਪਰਤ ਸਕਦੇ ਹਨ। ਵੱਧ ਤੋਂ ਵੱਧ ਪੰਜ ਮੈਂਬਰ ਵਿਅਕਤੀਗਤ ਤੌਰ ਤੇ ਅਤੇ ਬਾਕੀ ਮੈਂਬਰ ਘਰ ਤੋਂ ਹੀ ਹਿੱਸਾ ਲੈਣਗੇ। ਸਮਾਂ ਪੈਣ ਤੇ ਇਹ ਸੰਖਿਆ ਵਧ ਜਾਵੇਗੀ, ਜਿਸ ਨਾਲ ਸਾਰੇ 11 ਮੈਂਬਰ, ਵਿਅਕਤੀਗਤ ਮੀਟਿੰਗਾਂ ਵਾਸਤੇ ਵਾਪਸ ਪਰਤਣਗੇ।

ਇਸ ਸਮੇਂ, ਪਬਲਿਕ ਨੂੰ ਘਰ ਤੋਂ ਹੀ ਹਿੱਸਾ ਲੈਣਾ ਜਾਰੀ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ। ਪਬਲਿਕ ਵਿਅਕਤੀਗਤ ਅਟੈਂਡੈਂਸ ਕਦੋਂ ਦੁਬਾਰਾ ਸ਼ੁਰੂ ਹੋਵੇਗੀ, ਇਸ ਬਾਰੇ ਹੋਰ ਵੇਰਵੇ ਆਉਣ ਵਾਲੇ ਮਹੀਨਿਆਂ ਵਿੱਚ ਸਾਂਝੇ ਕੀਤੇ ਜਾਣਗੇ।

**ਮਾਸਕ**

ਨਿਵਾਸੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਸਿਟੀ ਨੇ ਆਪਣੇ ਬ੍ਰੈਂਪਟਨ ਕੋਵਿਡ-19 ਲਾਜ਼ਮੀ ਚਿਹਰਾ ਢਕਣਾ ਬਾਇ-ਲਾਅ (Brampton COVID-19 Mandatory Face Mask By-law) ਨੂੰ, 1 ਅਪ੍ਰੈਲ, 2022 ਤੱਕ ਅੱਗੇ ਵਧਾ ਦਿੱਤਾ ਹੈ।

ਕੋਵਿਡ-19 ਲਾਜ਼ਮੀ ਚਿਹਰਾ ਢਕਣਾ ਬਾਇ-ਲਾਅ ਹੇਠ, ਬ੍ਰੈਂਪਟਨ ਵਿੱਚ ਸਾਰੀਆਂ ਇਨਡੋਰ ਪਬਲਿਕ ਥਾਵਾਂ ਵਿਖੇ ਗੈਰ-ਮੈਡੀਕਲ ਮਾਸਕ (ਕੱਪੜੇ ਦੇ ਬਣੇ ਸਧਾਰਨ ਮਾਸਕ) ਪਹਿਨਣਾ ਜ਼ਰੂਰੀ ਹੈ। ਸਕਾਰਫ, ਬੰਦਨਸ, ਨੈੱਕ ਗੇਟਰਸ ਜਾਂ ਨੈੱਕ ਵਾਰਮਰਸ ਅਤੇ ਐਕਸਲੇਸ਼ਨ ਵਾਲਵਸ ਵਾਲੇ ਮਾਸਕ, ਚਿਹਰਾ ਢਕਣ ਦੇ ਸਵੀਕਾਰਯੋਗ ਰੂਪ ਨਹੀਂ ਹਨ। ਇਸਤੋਂ ਇਲਾਵਾ ਬਾਇ-ਲਾਅ ਹੇਠ, ਮਾਸਕਾਂ ਨੂੰ ਖਾਣ-ਪੀਣ ਵਾਸਤੇ ਸਿਰਫ਼ ਤਦ ਹੀ ਹਟਾਇਆ ਜਾ ਸਕਦਾ ਹੈ, ਜੇਕਰ ਕੋਈ ਵਿਅਕਤੀ ਉਸ ਉਦੇਸ਼ ਲਈ ਨਿਯਤ ਖੇਤਰ ਵਿੱਚ ਬੈਠਾ ਹੋਵੇ।

ਸਿਟੀ, ਵਾਇਰਸ ਨੂੰ ਫੈਲਣ ਤੋਂ ਰੋਕਣ ਵਾਸਤੇ ਮਦਦ ਕਰਨ ਲਈ, ਸਰੀਰਕ ਦੂਰੀ ਰੱਖਣ, ਚੰਗੀ ਤਰ੍ਹਾਂ ਸਫਾਈ ਰੱਖਣ ਅਤੇ ਮਾਸਕ ਪਹਿਨਣ ਜਿਹੇ ਉਪਾਵਾਂ ਨੂੰ ਅਪਨਾਉਣਾ ਜਾਰੀ ਰੱਖਣ ਲਈ ਨਿਵਾਸੀਆਂ ਦਾ ਧੰਨਵਾਦ ਕਰਦੀ ਹੈ।

**ਲਿੰਕ**

- ਸਿਟੀ ਆਫ ਬ੍ਰੈਂਪਟਨ ਦੀ ਕੋਵਿਡ-19 ਸਬੰਧੀ ਪ੍ਰੋਗਰਾਮਿੰਗ ਅਤੇ ਸੇਵਾ ਬਾਰੇ ਅੱਪਡੇਟਸ (City of Brampton COVID-19 programming and service updates)
- ਕੋਵਿਡ-19 ਦੇ ਦੌਰਾਨ ਕਾਰੋਬਾਰਾਂ ਅਤੇ ਕਾਰਜਸਥਾਨਾਂ ਨੂੰ ਸੁਰੱਖਿਅਤ ਰੱਖਣਾ (Keeping businesses and workplaces safe during COVID-19)
- (QR ਕੋਡ ਵਾਲਾ ਐਨਹੈਂਸਡ ਕੋਵਿਡ-19 ਵੈਕਸੀਨ ਸਰਟੀਫਿਕੇਟ ਅਤੇ ਵੈਰੀਫਾਈ ਓਨਟੈਰੀਓ ਐਪ (Enhanced COVID-19 Vaccine Certificate with QR Code and Verify Ontario App)
- ਕੋਵਿਡ-19 ਤੋਂ ਖ਼ੁਦ ਦੀ ਅਤੇ ਦੂਜਿਆਂ ਦੀ ਸੁਰੱਖਿਆ ਕਰਨਾ (COVID-19 Protecting yourself and others)
- ਕੋਵਿਡ-19 ਵੈਕਸੀਨ (COVID-19 vaccines)

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca